## ਵਲੰਟੀਅਰ ਸੇਵਾ ਕਰਨ ਵਾਲੇ ਪੁਲਿਸ ਅਫਸਰਾਂ ਦਾ ਸਨਮਾਨ

ਸਰੀ (ਗੁਰਪ੍ਰੀਤ ਸਿੰਘ ਸਹੋਤਾ) - ਨਾਗਰਿਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਲੀ ਕੈਨੇਡਾ ਦੀ ਪੁਲਿਸ ਆਪਣੇ ਫਰਜ਼ ਨੂੰ ਨਿਭਾਉਣ ਲਈ ਜਾਨ ਤੱਕ ਦੀ ਪ੍ਰਵਾਹ ਨਹੀਂ ਕਰਦੀ। ਆਪਣੇ ਫਰਜ਼ਾਂ ਦੀ ਪੂਰਤੀ ਲਈ ਪੁਲਿਸ ਅਫਸਰਾਂ ਨੂੰ ਦਿਨ-ਰਾਤ ਭੱਜ ਦੌੜ ਕਰਨੀ ਪੈਂਦੀ ਹੈ। ਪਰ ਕੁਝ ਅਫਸਰ ਅਜਿਹੇ ਵੀ ਹਨ ਜੋ ਆਮ ਡਿਊਟੀ ਤੋਂ ਬਾਅਦ ਵੀ ਭਾਈਚਾਰੇ ਲਈ ਵਲੰਟੀਅਰ ਸੇਵਾ ਕਰਨ ਦਾ ਸਮਾਂ ਕੱਢਦੇ ਹਨ।

ਵਲੰਟੀਅਰ ਸੇਵਾ ਕਰਨ ਵਾਲੇ ਅਜਿਹਾ ਅਫਸਰਾਂ ਦੇ ਮਾਣ-ਸਨਮਾਨ ਲਈ 30 ਜਨਵਰੀ, 2010 ਨੂੰ ਇੱਕ ਵਿਸ਼ੇਸ਼ ਡਿਨਰ ਦਾ ਆਯੋਜਨ ਕੀਤਾ ਗਿਆ, ਜਿੱਥੇ ਵਲੰਟੀਅਰ ਕੰਮ ਕਰਨ ਵਾਲੇ ਸਰੀ ਦੇ ਸਹਾਇਕ ਕਾਂਸਟੇਬਲਾਂ ਦਾ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ 'ਚ ਸਰੀ ਆਰ. ਸੀ. ਐਮ. ਪੀ. ਦੇ ਉੱਚ ਅਫਸਰ ਅਤੇ ਸਿਟੀ ਕੌਂਸਲਰ ਸ਼ਾਮਲ ਹੋਏ।

ਇਸ ਮੌਕੇ ਬੋਲਦਿਆਂ ਸਰੀ ਆਰ. ਸੀ. ਐਮ. ਪੀ. ਦੇ ਸੀਨੀਅਰ ਸੁਪਰਡੈਂਟ ਅਤੇ ਅਫਸਰ ਇੰਚਾਰਜ ਫਰੇਜ਼ਰ ਮਕਰੇਅ ਨੇ ਕਿਹਾ ਕਿ ਵਲੰਟੀਅਰਾਂ ਦੇ ਇਸ ਗਰੁੱਪ ਦੀ ਇਹ ਇੱਕ ਮਾਣਮੱਤੀ ਪ੍ਰਾਪਤੀ ਹੈ, ਜਿਨ੍ਹਾਂ ਨੇ ਲੋਕਾਂ ਦੀ ਸੁਰੱਖਿਆ ਅਤੇ ਬਚਾਅ ਲਈ ਤਨਦੇਹੀ ਨਾਲ ਕੰਮ ਕੀਤਾ। ਦੱਸਣਯੋਗ ਹੈ ਕਿ ਇਸ ਵੇਲੇ ਸਰੀ 'ਚ 85 ਸਹਾਇਕ ਕਾਂਸਟੇਬਲ ਹਨ। ਜੋ 15 ਵੱਖ-ਵੱਖ ਤਰ੍ਹਾਂ ਦੀਆਂ ਭਾਸ਼ਾਵਾਂ ਬੋਲਣ 'ਚ ਮੁਹਾਰਤ ਰੱਖਦੇ ਹਨ। ਡਿਊਟੀ ਨਿਭਾਉਂਦਿਆਂ ਜਦ ਕਦੇ ਵੀ ਭਾਸ਼ਾ ਅੜਿੱਕਾ ਬਣਦੀ ਹੈ ਤਾਂ ਇਹ ਆਪਸੀ ਸਹਿਯੋਗ ਨਾਲ ਝੱਟ ਹੱਲ ਕਰ ਲੈਂਦੇ ਹਨ।

ਇਸ ਮੌਕੇ ਇਨ੍ਹਾਂ ਅਫਸਰਾਂ ਦਾ ਮਾਣ-ਸਨਮਾਨ ਕੀਤਾ ਗਿਆ। ਖੁਸ਼ੀ ਦੀ ਗੱਲ ਇਹ ਹੈ ਕਿ ਸਨਮਾਨ ਹਾਸਲ ਕਰਨ ਵਾਲਿਆਂ 'ਚ 4 ਪੁਲਿਸ ਅਫਸਰ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਸਨ, ਜਿਨ੍ਹਾਂ ਦੇ ਨਾਮ ਅਮਰੀਕ ਸਿੰਘ ਔਲਖ, ਗੁਰਸ਼ਰਨ ਸਿੰਘ ਧੰਜਲ, ਸੁੱਖੀ ਬਾਜਵਾ ਅਤੇ ਅਮਰਜੀਤ ਸਿੰਘ ਢੰਡਾ ਹੈ। ਇਨ੍ਹਾਂ ਅਫਸਰਾਂ ਨੇ ਇਸ ਮੌਕੇ ਆਪਣੀ ਡਿਊਟੀ ਇਸੇ ਤਰ੍ਹਾਂ ਤਨਦੇਹੀ ਨਾਲ ਨਿਭਾਉਣ ਦਾ ਪ੍ਰਣ ਲਿਆ ਤਾਂ ਕਿ ਸਰੀ ਨਿਵਾਸੀ ਸੁਰੱਖਿਅਤ ਰਹਿ ਸਕਣ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਹ ਉਹੀ ਸਹਾਇਕ ਕਾਂਸਟੇਬਲ ਹਨ, ਜੋ ਇੱਕ ਵਿਸ਼ੇਸ਼ ਪ੍ਰੋਗਰਾਮ ਅਧੀਨ ਵਲੰਟੀਅਰ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਤੁਸੀਂ ਅਕਸਰ ਵਿਸਾਖੀ ਨਗਰ ਕੀਰਤਨ, ਕਬੱਡੀ ਟੂਰਨਾਮੈਂਟਾਂ, ਕਲੋਵਰਡੇਲ ਰੋਡੀਓ ਜਾਂ ਹੋਰ ਭਾਈਚਾਰਕ ਪ੍ਰੋਗਰਾਮਾਂ ਮੌਕੇ ਵੇਖਦੇ ਹੋ।

## ਬਜ਼ੁਰਗ ਮਾਤਾ ਨੂੰ ਨਵੀਂ ਦਿੱਲੀ ਤੋਂ ਬੇਰੰਗ ਮੋੜਿਆ

ਸਰੀ (ਗੁਰਪ੍ਰੀਤ ਸਿੰਘ ਸਹੋਤਾ) - ਐਬਟਸਫੋਰਡ ਨਿਵਾਸੀ 66 ਸਾਲਾ ਬਲਵਿੰਦਰ ਕੌਰ ਸੰਘਾ ਨੂੰ ਨਵੀਂ ਦਿੱਲੀ ਦੇ ਹਵਾਈ ਅੱਡੇ 'ਤੇ ਪਹੁੰਚਣ ਉਪਰੰਤ ਦੋ ਘੰਟੇ ਬਾਅਦ ਹੀ ਉਸੇ ਫਲਾਈਟ 'ਚ ਬੇਰੰਗ ਵਾਪਸ ਵੈਨਕੂਵਰ ਮੋੜ ਦਿੱਤਾ ਗਿਆ। ਉਸ ਦੇ ਕੋਲ ਮਲਟੀਪਲ ਵੀਜ਼ਾ ਵੀ ਸੀ ਪਰ ਉਸਦੀ ਇੱਕ ਨਾ ਸੁਣੀ ਗਈ, ਇੱਥੋਂ ਤੱਕ ਕਿ ਉਸ ਨੂੰ ਉਸਦੇ ਵੈਨਕੂਵਰ ਰਹਿੰਦੇ ਰਿਸ਼ਤੇਦਾਰਾਂ ਨੂੰ ਵੀ ਫੋਨ ਨਹੀਂ ਕਰਨ ਦਿੱਤਾ ਗਿਆ।

ਵੀਰਵਾਰ ਦੁਪਹਿਰ ਸਰੀ ਵਿਖੇ ਸੱਦੀ ਇੱਕ ਪ੍ਰੈਸ ਕਾਨਫਰੰਸ 'ਚ ਮਾਤਾ ਬਲਵਿੰਦਰ ਕੌਰ ਸੰਘਾ ਅਤੇ ਉਸ ਦੇ ਦਾਮਾਦ ਸੋਨੀ ਢਿੱਲੋਂ ਨੇ ਆਪਣੀ ਵਿੱਥਿਆ ਸੁਣਾਉਂਦਿਆਂ ਦੱਸਿਆ ਕਿ 31 ਜਨਵਰੀ 2010 ਨੂੰ ਮਾਤਾ ਬਲਵਿੰਦਰ ਕੌਰ ਇਕੱਲੀ ਹੀ ਕੈਥੇ ਪੈਸੇਫਿਕ ਦੀ ਫਲਾਈਟ ਰਾਹੀਂ ਨਵੀਂ ਦਿੱਲੀ ਨੂੰ ਰਵਾਨਾ ਹੋਈ ਸੀ। ਉਸਦੇ ਕੋਲ ਭਾਰਤ ਦਾ 6 ਮਹੀਨੇ ਦਾ ਮਲਟੀਪਲ ਵੀਜ਼ਾ ਸੀ ਅਤੇ ਉਹ ਕੁਝ ਹਫਤੇ ਪਹਿਲਾਂ ਹੀ ਭਾਰਤ ਤੋਂ ਹੋ ਕੇ ਆਈ ਸੀ। ਪਰ ਨਵੀਂ ਦਿੱਲੀ ਏਅਰਪੋਰਟ 'ਤੇ ਉਸਨੂੰ ਐਂਟਰੀ ਨਹੀਂ ਦਿੱਤੀ ਗਈ ਅਤੇ ਉਸਦੇ ਪਾਸਪੋਰਟ 'ਤੇ ਮੋਹਰ ਲਗਾ ਦਿੱਤੀ ਗਈ ਕਿ ਕਿਉਂਕਿ ਤੁਹਾਨੂੰ ਭਾਰਤ ਹੋ ਕੇ ਗਿਆਂ ਨੂੰ ਦੋ ਮਹੀਨੇ ਦਾ ਸਮਾਂ ਨਹੀਂ ਬੀਤਿਆ, ਇਸ ਲਈ ਤੁਹਾਨੂੰ ਦੁਬਾਰਾ ਭਾਰਤ ਆਉਣ ਦੀ ਇਜਾਜ਼ਤ ਨਹੀਂ ਹੈ। ਵੀਜ਼ਾ ਅਧਿਕਾਰੀਆਂ ਦੇ ਦੱਸਣ ਮੁਤਾਬਿਕ ਇਹ ਕਾਨੂੰਨ ਦਸੰਬਰ 2009 ਵਿੱਚ ਹੀ ਲਾਗੂ ਹੋਇਆ ਹੈ।

ਅਨਪੜ੍ਹ ਮਾਤਾ, ਜੋ ਕਾਨੂੰਨ ਤੋਂ ਅਨਜਾਣ ਸੀ, ਨੇ ਬਹੁਤ ਮਿੰਨਤਾਂ ਤਰਲੇ ਕੀਤੇ ਅਤੇ ਆਪਣੇ ਬਿਰਧ ਸਰੀਰ ਦਾ ਵਾਸਤਾ ਵੀ ਪਾਇਆ ਪਰ ਉਸਨੂੰ ਉਸੇ ਫਲਾਈਟ 'ਚ 2 ਘੰਟੇ ਬਾਅਦ ਵਾਪਸ ਵੈਨਕੂਵਰ ਚੜ੍ਹਾ ਦਿੱਤਾ ਗਿਆ। ਸਿਤਮਜ਼ਰੀਫੀ ਦੀ ਗੱਲ ਇਹ ਹੈ ਕਿ ਉਸਨੂੰ ਆਪਣੇ ਵੈਨਕੂਵਰ ਰਹਿੰਦੇ ਰਿਸ਼ਤੇਦਾਰਾਂ ਨਾਲ ਗੱਲ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਵਾਲ ਦੇ ਰੂਪ 'ਚ ਪੁੱਛਿਆ ਕਿ ਸਥਾਨਕ ਭਾਰਤੀ ਕੌਂਸਲਖਾਨੇ ਨੇ ਸਾਨੂੰ ਕੋਈ ਚਿੱਠੀ ਨਹੀਂ ਪਾਈ, ਨਾ ਕਿਸੇ ਅਖਬਾਰ 'ਚ ਨਾ ਕਿਸੇ ਰੇਡੀਓ ਜਾਂ ਟੀ. ਵੀ. 'ਤੇ ਹੀ ਦੱਸਿਆ ਗਿਆ ਕਿ ਦਸੰਬਰ 2009 ਤੋਂ ਨਵਾਂ ਕਾਨੂੰਨ ਲਾਗੂ ਹੋ ਰਿਹਾ ਹੈ ਕਿ ਮਲਟੀਪਲ ਵੀਜ਼ੇ ਵਾਲੇ ਲੋਕਾਂ ਨੂੰ ਭਾਰਤ ਗੇੜਾ ਮਾਰਨ ਵੇਲੇ ਦੋ ਮਹੀਨਿਆਂ ਦੀ ਵਿੱਥ ਰੱਖਣੀ ਪਵੇਗੀ। ਅਧਿਕਾਰੀਆਂ ਵਲੋਂ ਜਾਣਕਾਰੀ ਹੀ ਨਹੀਂ ਮੁਹੱਈਆ ਕਰਵਾਈ ਗਈ ਤਾਂ ਫਿਰ ਲੋਕਾਂ ਨੂੰ ਕਿਵੇਂ ਪਤਾ ਲੱਗੇ ਕਿ ਇਹ ਨਵਾਂ ਕਾਨੂੰਨ ਬਣਿਆ ਹੈ। ਉਨ੍ਹਾਂ ਦੱਸਿਆ ਕਿ ਜਦ ਉਹ ਕੁਝ ਹਫਤੇ ਪਹਿਲਾਂ ਭਾਰਤ ਤੋਂ ਵਾਪਸ ਆਈ ਸੀ ਤਾਂ ਉਸ ਵੇਲੇ ਵੀ ਉਸਨੂੰ ਦਿੱਲੀ ਹਵਾਈ ਅੱਡੇ 'ਤੇ ਕਿਸੇ ਨੇ ਨਹੀਂ ਦੱਸਿਆ ਕਿ ਹੁਣ ਉਹ 2 ਮਹੀਨੇ

ਬਾਅਦ ਹੀ ਭਾਰਤ ਆ ਸਕੇਗੀ। ਉਨ੍ਹਾਂ ਸਰੀ ਤੋਂ ਐਮ. ਪੀ. ਸੁੱਖ ਧਾਲੀਵਾਲ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮਹਾਰਾਣੀ ਪ੍ਰਨੀਤ ਕੌਰ ਨਾਲ ਰਾਬਤਾ ਕਾਇਮ ਕਰਕੇ ਕੇਸ ਹੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਤਦ ਤੱਕ ਉਨ੍ਹਾਂ ਨੂੰ ਵਾਪਸ ਮੋੜਿਆ ਜਾ ਚੁੱਕਾ ਸੀ। ਸੁੱਖ ਧਾਲੀਵਾਲ ਹੁਰਾਂ ਤੋਂ ਹੀ ਪਰਿਵਾਰ ਨੂੰ ਪਤਾ ਲੱਗਾ ਕਿ ਮਾਤਾ ਜੀ ਨੂੰ ਵਾਪਸ ਚੜ੍ਹਾ ਦਿੱਤਾ ਗਿਆ ਹੈ ਵਰਨਾ ਪਰਿਵਾਰ ਇਹੀ ਸਮਝ ਰਿਹਾ ਸੀ ਕਿ ਮਾਤਾ ਜੀ ਨੂੰ ਦਿੱਲੀ ਹਵਾਈ ਅੱਡੇ 'ਤੇ ਹੀ ਰੋਕਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਮੇਰੇ ਨਾਲ ਤਾਂ ਜੋ ਬੀਤੀ, ਸੋ ਬੀਤੀ ਪਰ ਉਨ੍ਹਾਂ ਵਲੋਂ ਪ੍ਰੈਸ ਕਾਨਫਰੰਸ ਕਰਨ ਦਾ ਮਕਸਦ ਲੋਕਾਂ ਨੂੰ ਦੱਸਣਾ ਹੈ ਤਾਂ ਕਿ ਹੋਰ ਲੋਕ ਖੱਜਲਖੁਆਰ ਹੋਣ ਤੋਂ ਬਚ ਸਕਣ। ਉਨ੍ਹਾਂ ਅਪੀਲ ਕੀਤੀ ਕਿ ਜਿਹੜੇ ਲੋਕਾਂ ਕੋਲ ਭਾਰਤ ਦੇ ਮਲਟੀਪਲ ਵੀਜ਼ੇ ਹਨ, ਉਹ ਨਵੇਂ ਕਾਨੂੰਨ ਬਾਰੇ ਪੂਰੀ ਜਾਣਕਾਰੀ ਹਾਸਲ ਕਰਕੇ ਹੀ ਸਫਰ ਸ਼ੁਰੂ ਕਰਨ ਤਾਂ ਕਿ ਬੇਲੋੜੀ ਖੱਜਲਖੁਆਰੀ ਤੋਂ ਬਚਿਆ ਜਾ ਸਕੇ।

ਦਿੱਲੀ ਹਵਾਈ ਅੱਡੇ 'ਤੇ ਤਾਇਨਾਤ ਵੀਜ਼ਾ ਅਫਸਰਾਂ ਦੇ ਕੁਰੱਖਤ ਰਵੱਈਏ ਤੋਂ ਡਾਢੀ ਖਫਾ ਮਾਤਾ ਬਲਵਿੰਦਰ ਕੌਰ ਸੰਘਾ ਨੇ ਮੰਗ ਕੀਤੀ ਕਿ ਦਿੱਲੀ ਹਵਾਈ ਅੱਡੇ 'ਤੇ ਕੋਈ ਅਜਿਹਾ ਸੁਵਿਧਾ ਕੇਂਦਰ ਖੁਲ੍ਹਵਾਉਣ ਲਈ ਸਰਕਾਰ 'ਤੇ ਜ਼ੋਰ ਪਾਉਣਾ ਚਾਹੀਦਾ ਹੈ, ਜਿੱਥੇ ਪਿਆਰ-ਸਤਿਕਾਰ ਨਾਲ ਅਜਿਹੀਆਂ ਮੁਸ਼ਕਲਾਂ ਦਾ ਤੁਰੰਤ ਤੇ ਢੁਕਵਾਂ ਹੱਲ ਕੱਢਿਆ ਜਾ ਸਕੇ। ਜ਼ਿਕਰਯੋਗ ਹੈ ਕਿ ਮਾਤਾ ਬਲਵਿੰਦਰ ਕੌਰ ਦੇ ਪਤੀ ਅਤੇ ਪੁੱਤਰ ਦੋਵੇਂ ਹੀ ਅਕਾਲ ਚਲਾਣਾ ਕਰ ਚੁੱਕੇ ਹਨ ਅਤੇ ਉਸ ਦੀਆਂ 5 ਧੀਆਂ ਹਨ, ਜਿਨ੍ਹਾਂ 'ਚੋਂ 2 ਭਾਰਤ 'ਚ ਅਤੇ 3 ਕੈਨੇਡਾ 'ਚ ਰਹਿ ਰਹੀਆਂ ਹਨ।

## ਸੈਣੀ ਦੀ ਗ੍ਰਿਫਤਾਰੀ 1992 ਦੇ ਸੰਯੁਕਤ ਰਾਸ਼ਟਰ ਦੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੇ ਐਲਾਨਨਾਮੇ ਦੀ ਉਲੰਘਣਾ- ਸਿੱਖਸ ਫਾਰ ਜਸਟਿਸ

### *ਸੰਯੁਕਤ ਰਾਸ਼ਟਰ ਨੂੰ ਦਖ਼ਲ ਦੇਣ ਲਈ ਅਪੀਲ ਕੀਤੀ ਜਾਵੇਗੀ*

ਨਿਊਯਾਰਕ- ਮਸ਼ਹੂਰ ਅਟਾਰਨੀ ਅਤੇ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਕੈਨੇਡਾ ਦੇ ਸਿੱਖਿਅਤ ਬੈਰਿਸਟਰ ਪਰਮਿੰਦਰ ਸਿੰਘ ਸੈਣੀ ਨੂੰ ਭਾਰਤ ਸਰਕਾਰ ਨੇ ਮਹਿਜ਼ ਇਸ ਲਈ ਗ੍ਰਿਫਤਾਰ ਕੀਤਾ ਹੋਇਆ ਹੈ ਕਿਉਂਕਿ ਉਹ ਸਿੱਖ ਧਰਮ ਨਾਲ ਸਬੰਧ ਰੱਖਦੇ ਹਨ ਨਾ ਕਿ ਸੈਣੀ ਨੇ ਲਗਪਗ 25 ਸਾਲ ਪਹਿਲਾਂ ਕਥਿਤ ਤੌਰ 'ਤੇ ਜੋ ਕੁਝ ਕੀਤਾ ਉਸ ਵਾਸਤੇ ਉਹਨਾਂ ਨੂੰ ਗ੍ਰਿਫਤਾਰ ਕੀਤਾ ਹੋਇਆ ਹੈ।

ਅਟਾਰਨੀ ਪੰਨੂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਿੱਖਸ ਫਾਰ ਜਸਟਿਸ ਦਾ ਇੱਕ ਵਫਦ ਗੇਅ **ਜੇ. ਮੈਕਡੁਗਾਲ** ਨਾਲ ਮਿਲੇਗਾ ਅਤੇ ਸੈਣੀ ਨਾਲ ਉਸ ਦੇ ਧਾਰਮਿਕ ਅਕੀਦੇ ਕਾਰਨ ਹੋ ਰਹੇ ਭੇਦਭਰੇ ਸਲੂਕ ਬਾਰੇ ਵਿਸਥਾਰ ਵਿੱਚ ਦੱਸਦਿਆਂ ਇੱਕ ਯਾਦ ਪੱਤਰ ਦਿੱਤਾ ਜਾਵੇਗਾ। ਗੇਅ ਜੇ. ਮੈਕਡੁਗਾਲ ਜੈਨੇਵਾ 'ਤੇ ਅਧਾਰਤ ਸੰਯੁਕਤ ਰਾਸ਼ਟਰ ਦੇ ਘੱਟ ਗਿਣਤੀ ਬਾਰੇ ਸੁਤੰਤਰ ਮਾਹਰ ਹਨ, ਜਿਹਨਾਂ ਦੀ ਨਿਯੁਕਤੀ ਸੰਯੁਕਤ ਰਾਸ਼ਟਰ ਵੱਲੋਂ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਵਿਤਕਰੇਬਾਜ਼ੀ ਦੀਆਂ ਸ਼ਿਕਾਇਤਾਂ ਦੀ ਤਫਤੀਸ਼ ਕਰਨ ਅਤੇ ਅੰਕੜੇ ਇੱਕਠੇ ਕਰਨ ਲਈ ਕੀਤੀ ਗਈ ਹੈ। ਸਿੱਖਸ ਫਾਰ ਜਸਟਿਸ ਮੈਕਡੁਗਾਲ ਨੂੰ ਬੇਨਤੀ ਕਰਨਗੇ ਕਿ ਪਰਮਿੰਦਰ ਸਿੰਘ ਸੈਣੀ ਨਾਲ ਹੋ ਰਹੇ ਭੇਦ ਭਰੇ ਸਲੂਕ ਦੀ ਮੁੱਢਲੀ ਜਾਣਕਾਰੀ ਲੈਣ ਲਈ ਸਿੱਖਸ ਫਾਰ ਜਸਟਿਸ ਦੇ ਭਾਰਤ ਜਾਣ ਵਾਲੇ ਵਫਦ ਨਾਲ ਇੱਕ ਵਿਸ਼ੇਸ਼ ਦੂਤ ਭੇਜਣ।

ਅਟਾਰਨੀ ਨੇ ਕਿਹਾ ਕਿ ਸੈਣੀ ਨਾਲ ਕੀਤਾ ਗਿਆ ਸਲੂਕ ਉਸ ਸਲੂਕ ਨਾਲੋਂ ਬਿਲਕੁਲ ਵੱਖਰਾ ਹੈ, ਜੋ ਦੋ ਹਿੰਦੂ ਭਰਾਵਾਂ ਭੋਲਾਨਾਥ ਅਤੇ ਦਵਿੰਦਰ ਪਾਂਡੇ ਨਾਲ ਕੀਤਾ ਗਿਆ ਸੀ, ਜਿਨ੍ਹਾਂ ਨੇ ਇੰਦਰਾ ਗਾਂਧੀ ਦੀ ਰਿਹਾਈ ਕਰਵਾਉਣ ਲਈ 1978 ਵਿੱਚ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਹਾਈਜੈਕ ਕਰ ਲਿਆ ਸੀ। ਹਾਈਜੈਕ ਕਰਨ ਵਾਲੇ ਭਰਾਵਾਂ ਨੂੰ ਕਾਂਗਰਸ ਪਾਰਟੀ ਨੇ 1980 ਦੀਆਂ ਅਸੈਂਬਲੀ ਚੋਣਾਂ ਵਿੱਚ ਟਿਕਟਾਂ ਨਾਲ ਨਿਵਾਜਿਆ ਸੀ। ਦੋਵੇਂ ਕਈ ਵਰ੍ਹਿਆਂ ਤੱਕ ਕਾਂਗਰਸੀ ਵਿਧਾਇਕ ਰਹੇ। ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਹਿੰਦੂ ਅਗਵਾਕਾਰਾਂ ਦੀ ਸਰਪ੍ਰਸਤੀ ਅਤੇ ਤਰਜੀਹੀ ਵਿਹਵਾਰ ਸਿਰਫ ਕਾਂਗਰਸ ਪਾਰਟੀ ਤੱਕ ਹੀ ਸੀਮਤ ਨਹੀਂ ਹੈ ਬਲਕਿ ਭਾਜਪਾ ਵੀ ਇਸੇ ਦੀ ਕਸੂਰਵਾਰ ਹੈ। ਭਾਜਪਾ ਦੇ ਇੱਕ ਹੋਰ ਕੱਟੜ ਹਮਾਇਤੀ ਅਤੇ ਇੱਕ ਹੋਰ ਹਿੰਦੂ ਸਤੀਸ਼ ਚੰਦਰ ਪਾਂਡੇ ਨੇ ਜਨਵਰੀ 1993 ਵਿੱਚ ਇੰਡੀਅਨ ਏਅਰਲਾਈਨ ਦਾ ਜਹਾਜ਼ ਬਾਬਰੀ ਮਸਜਿਸ ਢਾਹੇ ਜਾਣ ਦੀ ਹਮਾਇਤ ਵਿੱਚ ਅਗਵਾ ਕਰ ਲਿਆ ਸੀ। ਪਾਂਡੇ ਦੇ ਇਸ ਕਾਰੇ ਦੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਭਾਜਪਾਈ ਹਾਈਕਮਾਂਡ ਨੇ ਜਨਤਕ ਤੌਰ 'ਤੇ ਸ਼ਲਾਘਾ ਕੀਤੀ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਦੀ ਅਗਵਾਈ ਵਿੱਚ ਇੱਕ ਵਫਦ ਦਿੱਲੀ ਵਿੱਚ ਯੂ ਐਨ ਐਚ ਸੀ ਆਰ ਦੇ ਮਿਸ਼ਨ ਚੀਫ ਮੋਨਸੇਰੇਟ ਫੀਐਕਸੈਸ ਵੀਹੇ ਨੂੰ ਮਿਲੇਗਾ ਅਤੇ ਇੱਕ ਯਾਦ ਪੱਤਰ ਦੇਵੇਗਾ ਜਿਸ ਵਿੱਚ ਸੈਣੀ ਦੇ ਧਾਰਮਿਕ ਅਕੀਦੇ ਕਾਰਨ ਉਹਨਾਂ ਨਾਲ ਹੋ ਰਹੇ ਭੇਦਭਰੇ ਸਲੂਕ ਦੇ ਵੇਰਵੇ ਦਿੱਤੇ ਜਾਣਗੇ ਅਤੇ ਸੰਯੁਕਤ ਰਾਸ਼ਟਰ ਦੇ ਫੌਰੀ ਦਖਲ ਦੀ ਮੰਗ ਕੀਤੀ ਜਾਵੇਗੀ।

## ਮੈਨੀ ਬੁੱਟਰ ਆਪਣੇ ਪੂਰੇ ਗੈਂਗ ਸਮੇਤ ਗ੍ਰਿਫਤਾਰ

ਵੈਨਕੂਵਰ (ਅਕਾਲ ਗਾਰਡੀਅਨ ਬਿਊਰੋ) – ਵੈਨਕੂਵਰ ਦੀ ਸਿਹਤ ਲਈ ਇੱਥੋਂ ਦੇ ਅਪਰਾਧਿਕ ਗ੍ਰੋਹਾਂ ਨੂੰ ਕੈਂਸਰ ਗਰਦਾਨਦਿਆਂ ਵੈਨਕੂਵਰ ਪੁਲਿਸ ਨੇ ਇੱਕੋ ਗੈਂਗ ਦੇ 14 ਮੈਂਬਰਾਂ ਨੂੰ ਗ੍ਰਿਫਤਾਰ ਕਰਨ ਦਾ ਐਲਾਨ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਸਾਰੇ ਕਥਿਤ ਦੋਸ਼ੀ ਮੈਨੀ ਬੁੱਟਰ ਅਤੇ ਬੌਬੀ ਗਿੱਲ ਦੇ ਗ੍ਰੋਹ ਦੇ ਮੈਂਬਰ ਦੱਸੇ ਜਾਂਦੇ ਹਨ ਅਤੇ ਪੁਲਿਸ ਨੇ ਇਨ੍ਹਾਂ ਦੇ ਖਿਲਾਫ ਕੁੱਲ 125 ਅਪਰਾਧਿਕ ਦੋਸ਼ ਆਇਦ ਕੀਤੇ ਹਨ।

ਵੈਨਕੂਵਰ ਦੇ ਮੇਅਰ ਗ੍ਰੇਗਰ ਰਾਬਰਟਸਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਦਰੁੱਤ ਉਲੰਪਿਕ ਖੇਡਾਂ ਤੋਂ ਮਹਿਜ਼ ਇੱਕ ਹਫਤਾ ਪਹਿਲਾਂ ਇਨ੍ਹਾਂ ਗ੍ਰਿਫਤਾਰੀਆਂ ਦਾ ਹੋਣਾ ਮਹਿਜ਼ ਇੱਕ ਇਤਫਾਕ ਹੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਆਪਣੀ ਜਾਂਚ ਦਾ ਕੰਮ ਕਈ ਸਾਲਾਂ ਤੋਂ ਕਰ ਰਹੀ ਸੀ ਅਤੇ ਉਨ੍ਹਾਂ ਦੇ ਹੱਥ ਹੁਣ ਜਾ ਕੇ ਸਫਲਤਾ ਲੱਗੀ ਹੈ। ਗ੍ਰਿਫਤਾਰੀਆਂ ਦੌਰਾਨ ਪੁਲਿਸ ਨੇ 14 ਰਾਈਫਲਾਂ, ਸ਼ਾਟਗੰਨਾਂ, ਪਿਸਤੌਲਾਂ ਸਮੇਤ ਦੋ ਬੁਲੇਟ ਪਰੂਫ ਜੈਕਟਾਂ ਵੀ ਬਰਾਮਦ ਕੀਤੀਆਂ ਹਨ। ਇਨ੍ਹਾਂ ਜੈਕਟਾਂ ਵਿੱਚੋਂ ਇੱਕ ਦੇ ਪਿਛਲੇ ਪਾਸੇ 'ਇੰਟੀਗਰੇਟਿਡ ਗੈਂਗ ਟਾਸਕ ਫੋਰਸ' ਲਿਖਿਆ ਹੋਇਆ ਸੀ, ਜਿਸ ਬਾਰੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਪੁਲਿਸ ਦੇ ਭੇਸ ਵਿੱਚ ਅਪਰਾਧਿਕ ਕਾਰਵਾਈਆਂ ਕਰਨ ਦੀ ਯੋਜਨਾ ਦਾ ਹਿੱਸਾ ਹੈ। ਪੁਲਿਸ ਅਧਿਕਾਰੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਨ੍ਹਾਂ ਗ੍ਰਿਫਤਾਰੀਆਂ ਦਾ ਉਲੰਪਿਕ ਖੇਡਾਂ ਨਾਲ ਕੋਈ ਸਬੰਧ ਨਹੀਂ ਹੈ। ਸਗੋਂ ਇਹ ਗ੍ਰਿਫਤਾਰੀਆਂ ਪੁਲਿਸ ਵਲੋਂ ਪਿਛਲੇ ਇੱਕ ਸਾਲ ਤੋਂ ਚਲਾਏ ਜਾ ਰਹੇ 'ਪ੍ਰੋਜੈਕਟ ਟਰੈਂਟ' ਦੇ ਤਹਿਤ ਕੀਤੀਆਂ ਗਈਆਂ ਹਨ।

ਪ੍ਰੋਜੈਕਟ ਟੌਰੈਂਟ ਦੇ ਤਹਿਤ ਹੁਣ ਤੱਕ 200 ਦੋਸ਼ ਆਇਦ ਕੀਤੇ ਜਾ ਚੁੱਕੇ ਹਨ ਅਤੇ ਇਸ ਵਿੱਚ 250 ਦੇ ਕਰੀਬ ਪੁਲਿਸ ਅਧਿਕਾਰੀ ਸ਼ਾਮਲ ਹਨ। ਗ੍ਰਿਫਤਾਰ ਕੀਤੇ ਗਏ 14 ਵਿਅਕਤੀਆਂ ਵਿੱਚ 5 ਬੁੱਧਵਾਰ ਨੂੰ ਗ੍ਰਿਫਤਾਰ ਕੀਤੇ ਗਏ ਹਨ ਅਤੇ ਬਾਕੀਆਂ ਦੀ ਗ੍ਰਿਫਤਾਰੀ ਪਿਛਲੇ ਕੁਝ ਹਫਤਿਆਂ ਦੌਰਾਨ ਹੋਈ ਹੈ। ਗ੍ਰਿਫਤਾਰ ਕੀਤੇ ਵਿਅਕਤੀਆਂ ਵਿੱਚ ਸਰੀ ਦੀ ਇੱਕ 32 ਸਾਲਾ ਔਰਤ ਵੀ ਸ਼ਾਮਲ ਹੈ, ਜਿਹੜੀ ਆਪਣੇ ਪਤੀ ਦੀ ਹੱਤਿਆ ਕਰਵਾਉਣ ਲਈ ਗੈਂਗ ਮੈਂਬਰਾਂ ਨਾਲ ਸੰਪਰਕ ਕਰ ਰਹੀ ਸੀ।

## ਉਲੰਪਿਕ ਮਸ਼ਾਲ ਲੈ ਕੇ ਦੌੜਨ ਵਾਲਿਆਂ 'ਚ ਦੋ ਹੋਰ ਨਾਂ ਸ਼ੁਮਾਰ

ਸਰੀ (ਗੁਰਪ੍ਰੀਤ ਸਿੰਘ ਸਹੋਤਾ) – ਪਿਛਲੇ ਹਫਤੇ ਸਰੀ ਨਿਵਾਸੀ ਸ. ਜਰਨੈਲ ਸਿੰਘ ਸਹੋਤਾ ਵਲੋਂ 6 ਫਰਵਰੀ, 2010 ਨੂੰ ਬੀ. ਸੀ. ਦੇ ਸ਼ਹਿਰ ਐਸ਼ਕਰਾਫਟ ਵਿਖੇ ਉਲੰਪਿਕ ਮਸ਼ਾਲ ਲੈ ਕੇ ਦੌੜਨ ਸਬੰਧੀ ਖਬਰ ਪ੍ਰਕਾਸ਼ਿਤ ਕੀਤੀ ਗਈ ਸੀ, ਹੁਣ ਪਤਾ ਲੱਗਾ ਹੈ ਕਿ ਘੱਟੋ ਘੱਟ ਦੋ ਹੋਰ ਸਿੱਖ ਉਲੰਪਿਕ ਦੀ ਇਸ ਸ਼ਾਨਾਮੱਤੀ ਮਸ਼ਾਲ ਨੂੰ ਲੈ ਕੇ ਦੌੜ ਰਹੇ ਹਨ।

ਸਰੀ ਦੇ ਟਮਾਨਾਵਿਸ ਸੈਕੰਡਰੀ ਸਕੂਲ ਦਾ 16 ਸਾਲਾ ਅੰਮ੍ਰਿਤਧਾਰੀ ਨੌਜਵਾਨ ਤੀਰਥ ਸਿੰਘ ਸੰਧੂ, ਜੋ ਕਿ ਖਾਲਸਾ ਸਕੂਲ ਸਰੀ ਦਾ ਸਾਬਕਾ ਵਿਦਿਆਰਥੀ ਹੈ, 12 ਫਰਵਰੀ 2010 ਨੂੰ ਵੈਨਕੂਵਰ ਦੀ ਈਸਟ ਹੇਸਟਿੰਗਜ਼ ਅਤੇ ਕਮਰਸ਼ੀਅਲ ਡਰਾਈਵ ਦੇ ਨਜ਼ਦੀਕ ਸਵੇਰੇ ਸਾਢੇ 9 ਵਜੇ ਮਸ਼ਾਲ ਲੈ ਕੇ ਦੌੜੇਗਾ। ਇਸੇ ਤਰ੍ਹਾਂ ਸਰੀ ਦੇ ਨਾਮੀ ਬਿਜ਼ਨਸਮੈਨ ਸਤਨਾਮ ਸਿੰਘ ਜੌਹਲ 8 ਫਰਵਰੀ ਨੂੰ ਬਾਅਦ ਦੁਪਹਿਰ 3 ਵਜੇ ਸਰੀ ਦੀ 144 ਸਟਰੀਟ ਅਤੇ 60 ਐਵੇਨਿਊ 'ਤੇ ਮਿਸ਼ਾਲ ਲੈ ਕੇ ਦੌੜਨਗੇ। ਭਾਈਚਾਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਭਾਈਚਾਰਾ ਹਰ ਪੱਖ ਤੋਂ ਉਲੰਪਿਕ ਸਮਾਗਮਾਂ 'ਚ ਵੱਧ-ਚੜ੍ਹ ਕੇ ਹਿੱਸਾ ਲੈ ਰਿਹਾ ਹੈ।

## ਡੇਰਾ ਬੱਲਾਂ ਵਾਲਿਆਂ ਵਲੋਂ ਲਿਆ ਫੈਸਲਾ ਅਮਰੀਕੀ ਦਲਿਤ ਸਿੱਖਾਂ ਵਲੋਂ ਮੁੱਢੋਂ ਰੱਦ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ) – ਡੇਰਾ ਬੱਲਾਂ ਵਾਲਿਆਂ ਵਲੋਂ ਯੂ. ਪੀ. ਕਾਂਸ਼ੀ ਤੋਂ ਕੀਤੇ ਵੱਖਰੇ ਧਰਮ ਦੇ ਐਲਾਨਨਾਮੇ 'ਤੇ ਵਿਦੇਸ਼ੀ ਦਲਿਤ ਸਿੱਖ ਸੰਗਤਾਂ ਵਲੋਂ ਕਰੜੀ ਪ੍ਰਤੀਕ੍ਰਿਆ ਆਈ ਹੈ ਤੇ ਕਿਹਾ ਹੈ ਕਿ ਇਹ ਸਿਆਸਤ ਤੋਂ ਪ੍ਰੇਰਿਤ ਫੈਸਲਾ ਹੈ। ਇਸ ਪਿੱਛੇ ਸਿਆਸੀ ਚਾਲਾਂ ਅਤੇ ਦਲਿਤਾਂ ਵਿੱਚ ਵੰਡੀਆਂ ਪਾਉਣ ਦੀ ਗੱਲ ਹੈ। ਸਿਆਟਲ ਤੋਂ ਭਾਈ ਜਸਵੀਰ ਸਿੰਘ, ਸੈਕਰਾਮੈਂਟੋ ਤੋਂ ਗੁਰਦਿਆਲ ਚੰਦ ਅਤੇ ਨਿਊਯਾਰਕ ਤੋਂ ਪਰਮਜੀਤ ਸਿੰਘ ਨੇ ਫੋਨ 'ਤੇ ਦੱਸਿਆ ਕਿ ਜੇਕਰ ਆਸਟਰੀਆ ਦੀ ਘਟਨਾ ਨੂੰ ਵੀ ਲੈ ਲਈਏ ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਬਾਕੀ ਸਿੱਖਾਂ ਦਾ ਕੀ ਕਸੂਰ ਹੈ ਤੇ ਇਸ ਪ੍ਰਤੀ ਜੋ ਸਦੀਆਂ ਤੋਂ ਦਲਿਤ ਸਿੱਖ ਹਮੇਸ਼ਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਾ ਆਇਆ ਹੈ ਤੇ ਦਸਾਂ ਗੁਰੂਆਂ ਦੇ ਸਾਥ ਹੀ ਦਲਿਤ ਸਿੱਖ ਰਿਹਾ ਹੈ, ਉਹ ਹੁਣ ਡੇਰਾ ਬੱਲਾਂ ਵਾਲੇ ਦੇ ਫੈਸਲੇ ਨਾਲ ਕਿਵੇਂ ਟੁੱਟ ਸਕਦਾ ਹੈ ਦੂਸਰਾ ਸਿਰਫ 2 ਫੀਸਦੀ ਦਲਿਤ ਸਿੱਖ ਹੀ ਡੇਰਾ ਬੱਲਾਂ ਵਾਲਿਆਂ ਨਾਲ ਸਹਿਮਤ ਹੋ ਸਕਦੇ ਹਨ। ਪੜ੍ਹਿਆ ਲਿਖਿਆ ਦਲਿਤ ਸਿੱਖ ਇਨ੍ਹਾਂ ਸਿਆਸੀ ਪਾੜ੍ਹਿਆਂ ਮਗਰ ਨਹੀਂ ਜਾਂਦਾ ਤੇ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨੇਗਾ, ਜਿਸ ਵਿੱਚ ਗੁਰੂ ਰਵਿਦਾਸ ਜੀ ਦੀ ਬਾਣੀ ਸੁਸ਼ੋਭਿਤ ਹੈ। ਅਮਰੀਕਨ ਦਲਿਤ ਸਿੱਖਾਂ ਵਲੋਂ ਵੀ ਇਸ ਫੈਸਲੇ ਨੂੰ ਨਕਾਰਿਆ ਗਿਆ ਹੈ।

ਦੂਸਰੇ ਪਾਸੇ ਅਮਰੀਕਾ ਦੇ ਮਸ਼ਹੂਰ ਪ੍ਰਮੋਟਰ ਜਸਵਿੰਦਰ ਬੰਗਾ ਨੇ ਗੱਲ ਕਰਦਿਆਂ ਕਿਹਾ ਕਿ ਜੋ ਲੋਕ ਰਵਿਦਾਸ ਬਾਣੀ ਨੂੰ ਅਲੱਗ ਕਰ ਰਹੇ ਹਨ, ਉਹ ਪਹਿਲਾਂ ਆਪਣੇ ਡੇਰਿਆਂ ਉਪਰ ਗੁਰੂ ਰਵੀਦਾਸ ਜੀ ਦਾ ਨਾਂ ਲਿਖਵਾਉਣ ਫਿਰ ਅਜਿਹੀਆਂ ਸ਼ਰਾਰਤਾਂ ਕਰਨ। ਉਨ੍ਹਾਂ ਕਿਹਾ ਕਿ ਗਰੀਬ ਸਿੱਖ ਕਦੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਨਹੀਂ ਟੁੱਟ ਸਕਦਾ। ਸੈਕਰਾਮੈਂਟੋ ਵੀ ਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਸੁਸ਼ੋਭਿਤ ਰਹੇਗੀ। ਉਨ੍ਹਾਂ ਕਿਹਾ ਕਿ ਆਰ. ਐਸ. ਐਸ. ਦੀ ਇਸ ਪਾਲਿਸੀ ਜਾਂ ਰਜਵਾੜਿਆਂ ਮਗਰ ਲੱਗ ਕੇ ਇਹ ਫੈਸਲਾ ਨਹੀਂ ਹੋ ਸਕਦਾ। ਸਾਧੂ ਸੰਪਰਦਾਇ ਨੇ ਵੀ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡਾ ਪਿਤਾ ਹੈ। ਬੁਲਾਰਿਆਂ ਨੇ ਕਿਹਾ ਕਿ ਸਿੱਖ ਇਤਿਹਾਸ ਦਲਿਤ ਸਿੱਖਾਂ ਦਾ ਇਤਿਹਾਸ ਹੈ, ਉਨ੍ਹਾਂ ਇਹ ਵੀ ਕਿਹਾ ਕਿ ਇਸ ਤਰ੍ਹਾਂ ਤਾਂ ਹਰੇਕ ਹੀ ਡੇਰੇ ਵਾਲਾ ਉੱਠ ਕੇ ਆਪਣਾ ਵੱਖਰਾ ਧਰਮ ਬਣਾ ਲਵੇਗਾ। ਸਾਰੇ ਪਾਸੇ ਅਮਰੀਕਾ ਵਿੱਚ ਸੰਪਰਕ ਕਰਨ 'ਤੇ ਇਹ ਹੀ ਸਰਵੇ ਆਇਆ ਕਿ ਅਮਰੀਕੀ ਦਲਿਤਾਂ ਨੇ ਇਸ ਫੈਸਲੇ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੂਰਨ ਵਿਸ਼ਵਾਸ ਤੇ ਗੁਰੂ ਮੰਨਣ ਲਈ ਕਿਹਾ ਹੈ।

## ਓਬਾਮਾ ਪ੍ਰਸ਼ਾਸਨ ਵੱਲੋਂ ਬੱਜਟ 'ਚ ਅੰਤਰ-ਰਾਸ਼ਟਰੀ ਕੰਪਨੀਆਂ ਤੋਂ ਕਰ ਵਸੂਲਣ ਦੀ ਤਜਵੀਜ਼

ਵਾਸ਼ਿੰਗਟਨ- ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸਾਲ 2011 ਲਈ ਪ੍ਰਸਤਾਵਿਤ ਬੱਜਟ ਖਰੜੇ 'ਚ ਵਿਸ਼ਵ ਪੱਧਰ ਦੀਆਂ ਕੰਪਨੀਆਂ ਵੱਲੋਂ ਕਰ ਅਦਾ ਕਰਨ 'ਚ ਰੱਖੀਆਂ ਗਈਆਂ ਚੋਰ ਮੋਰੀਆਂ ਬੰਦ ਕਰ ਕੇ ਮੋਟਾ ਮੁਨਾਫ਼ਾ ਪੈਦਾ ਕਰਨ ਦੀ ਤਜਵੀਜ਼ ਬਣਾਈ ਗਈ ਹੈ। ਓਬਾਮਾ ਨੇ ਇਥੇ ਕਰ ਬਚਾਉਣ ਲਈ ਵਿਦੇਸ਼ਾਂ 'ਚ ਕਾਰੋਬਾਰ ਕਰਨ ਵਾਲੀਆਂ ਕਰਨ ਵਾਲੀਆਂ ਅਮਰੀਕੀ ਕੰਪਨੀਆਂ 'ਤੇ ਸ਼ਿਕੰਜਾ ਕੱਸਦੇ ਪ੍ਰਸਤਾਵ 'ਚ ਕਿਹਾ ਹੈ ਕਿ ਅਗਲੇ ਦਹਾਕੇ 'ਚ ਇਨ੍ਹਾਂ ਕੰਪਨੀਆਂ ਕੋਲੋਂ 122 ਅਰਬ ਡਾਲਰ ਕਰ ਵਸੂਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਹੈ ਕਿ ਵਿਦੇਸ਼ੀ ਕੰਪਨੀਆਂ ਜੋ ਕਿ ਉਪਰੋਕਤ ਕੰਪਨੀਆਂ ਨਾਲ ਕਾਰੋਬਾਰ 'ਚ ਭਾਈਵਾਲ ਹਨ 'ਤੇ ਉਹ ਵੀ ਅਮਰੀਕਾ ਤੋਂ ਕਰ ਬਚਾ ਰਹੀਆਂ ਹਨ, ਨੂੰ ਹੁਣ ਕੋਈ ਰਾਹਤ ਨਹੀਂ ਦਿੱਤੀ ਜਾਵੇਗੀ। ਪ੍ਰਸ਼ਾਸਨ ਨੇ ਇਨ੍ਹਾਂ ਬਹੁਮੰਤਵੀ ਕੰਪਨੀਆਂ ਲਈ ਨੀਤੀਆਂ 'ਚ ਸੋਧ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਸਰਕਾਰ ਲਈ ਹੋਰ ਕਰ ਪੈਦਾ ਕੀਤਾ ਜਾ ਸਕੇ।

## ਸਰੀ ਫੀਲਡ ਹਾਕੀ ਕਲੱਬ ਨੇ ਫੀਨਿਕਸ ਕੱਪ ਜਿੱਤਿਆ

ਫੀਨਿਕਸ, ਐਰੀਜ਼ੋਨਾ - ਫੀਨਿਕਸ ਫੀਲਡ ਹਾਕੀ ਕਲੱਬ ਵਲੋਂ ਜਨਵਰੀ 30, 31 ਨੂੰ 6ਵਾਂ ਸਾਲਾਨਾ ਕੈਕਟਸ ਕਲਾਸਿਕ ਫੀਲਡ ਹਾਕੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਤਕਰੀਬਨ 50 ਦੇ ਕਰੀਬ ਟੀਮਾਂ ਨੇ ਹਿੱਸਾ ਲਿਆ। ਖੂਬਸੂਰਤ ਮੌਸਮ ਵਿੱਚ ਹੋਏ ਇਸ ਟੂਰਨਾਮੈਂਟ ਦਾ ਪ੍ਰਬੰਧ ਬਹੁਤ ਵਧੀਆ ਕੀਤਾ ਗਿਆ ਸੀ। ਮਰਦਾਂ ਦੇ ਓਪਨ ਮੁਕਾਬਲਿਆਂ ਵਿੱਚ ਕੁੱਲ 12 ਟੀਮਾਂ ਨੇ ਹਿੱਸਾ ਲਿਆ। ਸਾਰੇ ਮੁਕਾਬਲੇ ਬੜੇ ਫਸਵੇਂ ਅਤੇ ਟੱਕਰ ਵਾਲੇ ਰਹੇ। ਸਰੀ ਫੀਲਡ ਹਾਕੀ ਕਲੱਬ ਦੀ ਟੀਮ ਸਾਰੇ ਟੂਰਨਾਮੈਂਟ ਵਿੱਚ ਛਾਈ ਰਹੀ ਅਤੇ ਦਰਸ਼ਕਾਂ ਦੀ ਖਿੱਚ ਕੇਂਦਰ ਬਣੀ ਰਹੀ। ਸਰੀ ਫੀਲਡ ਹਾਕੀ ਕਲੱਬ ਵਲੋਂ ਰੰਜੀਵ ਦਿਓਲ, ਅਜਮੇਰ ਸਿੰਘ, ਜਸਵੰਤ ਸਿੰਘ, ਜਗਦੀਸ਼ ਸਿੰਘ ਵਰਗੇ ਅੰਤਰਰਾਸ਼ਟਰੀ ਖਿਡਾਰੀ ਖੇਡੇ। ਸਰੀ ਲਾਇਨਜ਼ ਕਲੱਬ ਦੀ ਟੀਮ ਨੇ ਆਪਣੇ ਸਾਰੇ ਦੇ ਸਾਰੇ ਮੈਚ ਜਿੱਤੇ। ਸੈਮੀਫਾਈਨਲ ਮੁਕਾਬਲੇ ਵਿੱਚ ਸਰੀ ਦੀ ਟੀਮ ਨੇ ਟਰਾਂਟੋ ਨੂੰ 1-0 ਨਾਲ ਹਰਾਇਆ। ਰੰਜੀਵ ਦਿਓਲ (ਉਲੰਪੀਅਨ) ਨੇ ਆਪਣੀ ਟੀਮ ਲਈ ਬਹੁਤ ਸ਼ਾਨਦਾਰ ਤਰੀਕੇ ਨਾਲ ਗੋਲ ਕੀਤਾ ਅਤੇ ਸਰੀ ਦੀ ਟੀਮ ਨੂੰ ਫਾਈਨਲ ਵਿੱਚ ਲੈ ਗਿਆ। ਫਾਈਨਲ ਮੁਕਾਬਲਾ ਸਰੀ ਅਤੇ ਫਰੀਮਾਂਟ, ਕੈਲੇਫੋਰਨੀਆ ਦੀਆਂ ਟੀਮਾਂ ਵਿਚਕਾਰ ਹੋਇਆ। ਫਾਈਨਲ ਮੈਚ ਵਿੱਚ ਸਰੀ ਲਾਇਨਜ਼ ਦੇ ਪਲੇਅਰਾਂ ਨੇ ਕਮਾਲ ਦੀ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਵਿਰੋਧੀ ਟੀਮ ਨੂੰ ਹਿਲਾ ਕੇ ਰੱਖ ਦਿੱਤਾ। ਫਰੀਮਾਂਟ ਵਲੋਂ ਪਹਿਲਾ ਗੋਲ ਬੱਲੀ ਨੇ ਪੈਨਲਟੀ ਸਟਰੋਕ ਰਾਹੀਂ ਕੀਤਾ। ਸਰੀ ਵਲੋਂ ਹਮਲਿਆਂ ਨੂੰ ਤੇਜ਼ ਕਰਦੇ ਹੋਏ ਉਪਰ ਥੱਲੇ ਦੋ ਗੋਲ ਅਜਮੇਰ ਸਿੰਘ ਵਲੋਂ ਕੀਤੇ ਗਏ। ਸਰੀ ਫੀਲਡ ਹਾਕੀ ਕਲੱਬ ਦੇ ਗੁਰਮਿੰਦਰ ਗੋਰਾ, ਗੁਰਵਿੰਦਰ ਅਟਾਰੀ ਵਾਲਾ, ਗੁਰਪ੍ਰੀਤ ਗੋਪੀ, ਸੋਨੂੰ ਕੁਲਾਰ ਸੰਸਾਰਪੁਰ, ਟਰੈਵਿਚ (ਗੋਲਕੀਪਰ) ਉਧਮ ਸਿੰਘ ਅਤੇ ਸਤਵੰਤ ਸਿੰਘ ਵਲੋਂ ਬਹੁਤ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ਗਿਆ। ਇੱਕ ਜੋ ਇਸ ਟੂਰਨਾਮੈਂਟ ਦੀ ਖਾਸ ਗੱਲ ਰਹੀ ਸਰੀ ਲਾਇਨਜ਼ ਦੀ ਦੂਸਰੀ ਟੀਮ ਵੀ ਤੀਸਰੇ ਸਥਾਨ 'ਤੇ ਰਹੀ। ਦੂਸਰੀ ਟੀਮ ਨੇ ਵੀ ਸੁਖਮਿੰਦਰ ਸੇਖੋਂ ਦੀ ਅਗਵਾਈ ਵਿੱਚ ਬਹੁਤ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਇਸ ਟੀਮ ਵਿੱਚ ਵੀ ਸਰੀ ਲਾਇਨਜ਼ ਦੇ ਸੁਰਿੰਦਰ, ਹਰਵਿੰਦਰ ਹੇਅਰ, ਜੀਤਾ ਕੁਲਾਰ, ਅਮਰਜੀਤ, ਸਰਬਜੀਤ, ਮਲਕੀਤ ਮੀਤਾ, ਅਮਿਤ ਕੁਲਾਰ, ਦੀਪਕ ਕੁਲਾਰ (ਗੋਲਕੀਪਰ), ਸੋਨੀ ਹੇਅਰ, ਗੁਰਜ ਗਰੇਵਾਲ ਵਲੋਂ ਬਹੁਤ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ਗਿਆ। ਟੀਮ ਦੇ ਇਸ ਸ਼ਾਨਦਾਰ ਜਿੱਤ ਉੱਤੇ ਸਮੁੱਚੇ ਭਾਈਚਾਰੇ ਵਲੋਂ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ ਅਤੇ ਹਰ ਵਰਗ ਵਲੋਂ ਇਸ ਜਿੱਤ ਤੇ ਵਧਾਈਆਂ ਭੇਜੀਆਂ ਜਾ ਰਹੀਆਂ ਹਨ।